16 DAYS OF ACTIVISM AGAINST GENDER VIOLENCE
16 DÍAS DE ACTIVISMO CONTRA LA VIOLENCIA DE GÉNERO
16 JOURS D'ACTIVISME CONTRE LA VIOLENCE DE GENRE
25 NOV - 10 DEC http://16dayscwgl.rutgers.edu

# Cover Letter

## ਲਿੰਗ - ਭੇਦ ਹਿੰਸਾ ਵਿਰੁੱਧ, 16 ਦਿਨਾਂ ਦੀ ਕਾਰਜਸ਼ੀਲਤਾ

ਜੁਲਾਈ, 2012

ਪਿਆਰੇ ਕਾਰਜਕਰਤਾ ਜੀ,

'ਸੈਂਟਰ ਫਾਰ ਵੁਮੈਂਨਜ਼ ਗਲੋਬਲ ਲੀਡਰਸ਼ਿਪ (ਸੀ. ਡਬਲਿਊ. ਜੀ. ਐਲ .) ਆਪ ਜੀ ਨਾਲ ਲਿੰਗ-ਭੇਦ ਹਿੰਸਾ ਵਿਰੁੱਧ ਕਾਰਜ ਸਬੰਧੀ 2012 ਦੀ 16-ਦਿਨਾਂ ਦੀ ਮੁਹਿੰਮ ਬਾਰੇ 'ਟੇਕ ਐਕਸ਼ਨ -ਕਿਟ' ਸਬੰਧੀ ਆਪਣੀ ਖੁਸ਼ੀ ਸਾਂਝੀ ਕਰ ਰਿਹਾ ਹੈ| ਇਸ ਸਾਲ ਦੀ ਮੁਹਿੰਮ ਦਾ ਸਰਵਵਿਆਪਕ ਵਿਸ਼ਾ ਪਹਿਲਾਂ ਵਾਲਾ ਹੀ ਹੈ, "ਘਰ ਦੀ ਸ਼ਾਂਤੀ ਨਾਲ ਹੀ ਸੰਸਾਰ ਦੀ ਸ਼ਾਂਤੀ ਹੁੰਦੀ ਹੈ|" ਜੰਗਪੰਸਦੀ ਅਤੇ ਲਿੰਗ-ਭੇਦ ਹਿੰਸਾ ਨੂੰ ਬੰਦ ਕਰਵਾਉਣ ਸਬੰਧੀ ਅਤੇ ਇਸਦੀ ਪੈਰਵੀ ਕਰਨ ਸਬੰਧੀ ਸਾਡਾ ਇਹ ਤੀਜਾ ਸਾਲ ਹੈ| ਲਿੰਗ-ਆਧਾਰਤ ਹਿੰਸਾ ਲਈ , ਲੜਾਕੂਪਣ ਮੁੱਖ ਕਾਰਣ ਰਿਹਾ ਹੈ| ਸਾਡੇ ਸਮਾਜ, ਜਿਸ ਵਿੱਚ ਔਰਤਾਂ ਬੱਚੇ ਅਤੇ ਮਰਦ ਸ਼ਾਮਿਲ ਹਨ , ਦੀ ਸੁਰੱਖਿਆ ਲਈ ਇਸਨੇ ਬੜੇ ਮਾੜੇ ਪ੍ਰਭਾਵ ਪਾਏ ਹਨ | ਸੀ. ਡਬਲਿਊ. ਜੀ. ਐਲ . ਨੇ ਬਤੌਰ ਵਿਸ਼ਵਵਿਆਪੀ ਕੋਆਰਡੀਨੇਟਰ ਦੇ ਇਸ ਜੰਗਪਸੰਦੀ ਦੀ ਚਨੌਤੀ ਨੂੰ ਆਪਣੇ ਸਾਥੀਆਂ ਨਾਲ ਮਿਲਕੇ ਖ਼ਤਮ ਕਰਨ ਦਾ ਪ੍ਰੋਗਰਾਮ ਬਣਾਇਆ ਹੈ| ਇਸਦੇ ਨਾਲ ਹੀ ਉਨ੍ਹਾਂ ਡੂੰਘੀਆਂ ਹੋ ਚੁੱਕੀਆਂ ਸਮਾਜਿਕ-ਆਰਥਿਕ ਲੀਹਾਂ ਨੂੰ ਖੋਜਿਆ ਜਾਵੇਗਾ, ਜਿਹੜੀਆਂ ਲਿੰਗ-ਆਧਾਰਿਤ ਹਿੰਸਾ ਨੂੰ ਕਾਇਮ ਰਖ ਰਹੀਆਂ ਹਨ |

ਸਾਲ - 2011 ਦੀ ਮੁਹਿੰਮ ਦੌਰਾਨ, ਹਿੱਸਾ ਲੈਣ ਵਾਲਿਆਂ ਵਲੋਂ ਮਿਲੀ ਫੀਡਬੈਕ ਤੋਂ, ਇਸ ਵਰ੍ਹੇ 16-ਦਿਨਾਂ ਮੁਹਿੰਮ ਦੇ ਤਿੰਨ ਪ੍ਰਮੁੱਖ ਖ਼ੇਤਰ ਇਸ ਪ੍ਰਕਾਰ ਹਨ : (T) ਰਾਜ-ਪ੍ਰਬੰਧਕਾਂ ਵਲੋਂ ਕਾਇਮ ਰਖੀ ਜਾਂਦੀ ਹਿੰਸਾ (ਅ ) ਘਰੇਲੂ ਹਿੰਸਾ ਅਤੇ ਛੋਟੇ ਹਥਿਆਰਾਂ ਦਾ ਰੋਲ (J) ਝਗੜੇ ਦੌਰਾਨ ਅਤੇ ਬਾਅਦ ਵਿਚ ਕੀਤੀ ਜਾਂਦੀ ਲਿੰਗਕ ਹਿੰਸਾ|

16-ਦਿਨਾਂ ਦੀ ਇਹ ਮੁਹਿੰਮ, ਸਾਨੂੰ ਔਰਤਾਂ ਦੇ ਅਧਿਕਾਰਾਂ ਪ੍ਰਤੀ ਵਿਚਾਰ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਕਿ ਅਸੀਂ ਬਤੌਰ ਔਰਤ , ਸਰਕਾਰਾਂ ਦਾ ਧਿਆਨ ਖਿੱਚੀਏ ਅਤੇ ਉਨ੍ਹਾਂ ਲੀਹਾਂ ਨੂੰ ਤੋੜੀਏ ਅਤੇ ਚੁਨੌਤੀ ਦੇਈਏ ਜਿਨ੍ਹਾਂ ਕਰਕੇ ਲਿੰਗ-ਭੇਦ ਆਧਾਰਿਤ ਹਿੰਸਾ ਜਾਰੀ ਹੈ| 'ਸੀ. ਡਬਲਿਊ. ਜੀ. ਐਲ .' ਕ੍ਰਿਆਵਾਦੀਆਂ ਨੂੰ ਇਸ 16-ਦਿਨਾਂ ਦੀ ਮੁਹਿੰਮ ਸਮੇਂ, ਇਹ ਮੌਕਾ ਦਿੰਦੀ ਹੈ ਕਿ ਉਹ ਆਪਣੇ ਖੇਤਰ ਦੇ ਉਚਿਤ ਮੁੱਦਿਆਂ ਉੱਤੇ ਵਧੇਰੇ ਕੇਂਦਰਿਤ ਰਹਿ ਸਕਣ | ਸਾਨੂੰ ਆਸ ਹੈ ਕਿ 'ਤੁਸੀਂ ਮੁਹਿੰਮ ਸਬੰਧੀ ਨਾਲ ਨੱਥੀ ਸਮੱਗਰੀ ਤੋਂ ਲਾਭ ਉਠਾਉਗੇ, ਜਦੋਂ ਵੀ ਤੁਸੀਂ ਕੋਈ ਨਵੀਂ ਯੋਜਨਾ ਤਿਆਰ ਕਰਨੀ ਹੋਵੇਗੀ|

'ਘਰ ਦੀ ਸ਼ਾਂਤੀ ਨਾਲ ਹੀ ਸੰਸਾਰ ਦੀ ਸ਼ਾਂਤੀ ਹੁੰਦੀ ਹੈ : ਆਉ ਅਸੀਂ ਸਾਰੇ ਜੰਗਪਸੰਦੀ ਅਤੇ ਔਰਤਾਂ ਵਿਰੁੱਧ ਹੁੰਦੀ ਹਿੰਸਾ ਦੇ ਖਾਤਮੇ ਨੂੰ ਚੁਨੌਤੀ ਦੇਈਏ|'

ਇਸ ਫੋਲਡਰ ਵਿਚ ਨਿਮਨਲਿਖਤ ਸਮੱਗਰੀ ਮੌਜੂਦ ਹੈ :

* ਟਰਾਈਫੋਲਡ ਬ ਰੋਸ਼ਰ ਆਨ ਦੀ ਕੈਂਪੇਨ-(ਮੁਹਿੰਮ ਸਬੰਧੀ ਇਕ ਤਿੰਨ ਪਰਤੀ ਬਰੋਸ਼ਰ)
* ਥੀਮ ਅਨਾਊਸਮੈਂਟ, ਵਿਸ਼ਾ ਘੋਸ਼ਣਾ
* ਹਰੇਕ ਪ੍ਰਾਥਮਿਕਤਾ-ਖੇਤਰ ਦੀ ਸੂਚਨਾ-ਸ਼ੀਟ
* ਉਠਾਏ ਜਾਣ ਵਾਲੇ ਨੁਕਤੇ
* ਜੰਗਪਸੰਦੀ ਨੂੰ ਚੁਨੌਤੀ : ਸ਼ਾਂਤੀ ਤੇ ਬਲ , ਡਬਲਿਊ. ਆਈ . ਐਲ . ਪੀ ਐੱਫ.

* ਸੁਝਾਏ ਗਏ ਪ੍ਰੈਸ ਰਿਲੀਜ਼

* ਸੈਂਪਲ ਸੋਸ਼ਲ ਮੀਡੀਆ ਪੋਸਟਸ

* ਸੁਝਾਈ ਗਈ ਗਰਾਂਟ ਪਰਪੋਜ਼ਲ ਗਾਈਡ

* ਸੀ. ਡਬਲਿਊ. ਜੀ. ਐਲ . ਫਲਾਇਰ

* ਸਕਿਊਰਟੀ ਪ੍ਰਾਜੈਕਟ ਫਲਾਇਰ

* ਸੀ. ਐਸ . ਡਬਲਿਊ. 57 ਐਡਵੋਕੇਸੀ ਸ਼ੀਟ

* ਪਰਮੋਸ਼ਨਲ ਵੱਸਤਾਂ

ਕਿਟ ਵਿਚਲੀ ਸਾਰੀ ਸਮੱਗਰੀ ਆਨਲਾਈਨ ਤੇ ਦੇਖੀ ਜਾ ਸਕਦੀ ਹੈ : ਐਚ ਟੀ ਟੀ ਪੀ//16 ਡੇਜ਼ ਸੀ ਡਬਲਿਊ ਜੀ ਐਲ . ਰੁਟਗਰਜ਼.ਐਜੁ/2012-ਕੈਂਪੇਨ/2012- ਟੇਕ-ਐਕਸ਼ਨ -ਕਿਟ| ਤੁਸੀਂ 2012-ਮੁਹਿੰਮ ਸਬੰਧੀ ਕੋਈ ਵੀ ਸਵਾਲ ਸੀ. ਡਬਲਿਊ. ਜੀ. ਐਲ . ਤੋਂ ਬੇਝਿੱਜਕ ਪੁੱਛ ਸਕਦੇ ਹੋ| ਕਿਰਪਾ ਕਰਕੇ ਤੁਸੀਂ ਆਪਣੇ ਕਾਰਜਾਂ ਸਬੰਧੀ, ਆਨਲਾਈਨ ਇੰਟਰਨੈਸ਼ਨਲ ਕੈਂਪੇਨ ਕੈਲੰਡਰ: ਐਚ ਟੀ ਟੀ ਪੀ://16 ਡੇਜ਼ ਸੀ ਡਬਲਿਊ ਜੀ ਐਲ . ਰੁਟਗਰਜ਼ ਐਜੁ/ਕੈਂਪੇਨ-ਕੈਲੰਡਰ ਤੇ ਭੇਜ ਦਿਉ| ਸਾਨੂੰ ਪ੍ਰਸੰਨਤਾ ਹੋਵੇਗੀ, ਜੇਕਰ ਤੁਸੀਂ ਆਪਣੇ ਕਾਰਜਾਂ ਸਬੰਧੀ ਕੋਈ ਫੋਟੋ, ਅਤੇ ਮੁਹਿੰਮ ਸਬੰਧੀ ਕੋਈ ਪੋਸਟਰ, ਬੱਟਨ, ਸਟਿੱਕਰ, ਅਖ਼ਬਾਰਾਂ ਦੇ ਲੇਖ, ਰਿਪੋਰਟਾਂ ਆਦਿ ਭੇਜ ਸਕੋ, ਇਹ ਸਮੱਗਰੀ 16-ਦਿਨਾਂ ਦੀ ਅੰਤਰਰਾਸ਼ਟਰੀ ਮੁਹਿੰਮ ਸਬੰਧੀ ਇਕੱਤਰ ਕੀਤੀ ਜਾਵੇਗੀ| ਕਿਰਪਾ ਕਰਕੇ 16-ਦਿਨਾਂ ਦੇ ਸਾਡੇ ਫਲਿੱਕਰ ਪੰਨੇ ਨੂੰ ਵਾਚਿਆ ਜਾਵੇ: ਐਚ ਟੀਟੀ ਪੀ://ਡਬਲਿਊ ਡਬਲਿਊ ਡਬਲਿਊ. ਫਲਿੱਕਰ. ਕਾਮ/ ਫੋਟੋਜ਼/16 ਡੇਜ਼ ਕੈਂਪੇਨ/) ਜੋ ਕਿ ਪਿਛਲੇ ਵਰ੍ਹੇ ਦੀ ਸਮੱਗਰੀ ਹੈ|

ਤੁਸੀਂ ਲਿੰਗ-ਆਧਾਰਿਤ ਹਿੰਸਾ ਨੂੰ ਖ਼ਤਮ ਕਰਨ ਲਈ 16-ਦਿਨਾਂ ਦੀ ਮੁਹਿੰਮ ਵਿਚ ਸਾਡੇ ਅਟੁੱਟ ਅੰਗ ਹੋ, ਜਿਸ ਲਈ ਤੁਹਾਡਾ ਧੰਨਵਾਦ ਕੀਤਾ ਜਾਂਦਾ ਹੈ|

ਇਕਜੁੱਟਤਾ ਵਿਚ-

16 ਦਿਨਾਂ ਦੀ ਟੀਮ

ਸੈਂਟਰ ਫਾਰ ਵੁਮੈੱਨਜ਼ ਗਲੋਬਲ ਲੀਡਰਸ਼ਿਪ

ਰੁਟਗਰਜ਼ ਦੀ ਸਟੇਟ ਯੂਨੀਵਰਸਿਟੀ ਆਫ਼ ਨਿਊ ਜਰਸੀ

ਐਚ ਟੀ ਟੀ ਪੀ// ਸੀ ਡਬਲਿਊ ਜੀ ਐਲ . ਰੁਟਗਰਜ਼. ਐਜੁ.